## ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
## ਐਸ.ਸੀ.ਓ.ਨੰ: 104-106, ਦੂਜੀ ਮੰਜ਼ਿਲ, ਸੈਕਟਰ-34 ਏ,ਚੰਡੀਗੜ੍ਹ

ਵੱਲ

ਸਮੂਹ ਸਕੂਲ ਮੁੱਖੀ(ਵੈਬ ਸਾਈਟ ਰਾਹੀਂ)
ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲ
ਪੰਜਾਬ।
ਮੀਮੋ ਨੰ: ਏ.ਐਸ.ਪੀ.ਡੀ/ਟੀ.ਟੀ/2010/76095
ਮਿਤੀ,ਚੰਡੀਗੜ੍ਹ:17.12.2010

ਵਿਸ਼ਾ: ਮਿਤੀ 13.12.2010 ਤੋਂ 24.12.2010 ਤੱਕ ਸਕੂਲਾਂ ਵਿੱਖੇ ਚੱਲ ਰਹੀ ਕੰਪਿਊਟਰ ਟ੍ਰੇਨਿੰਗ ਸਬੰਧੀ ।

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰ: ਏ.ਐਸ.ਪੀ.ਡੀ/ਟੀ.ਟੀ/2010/057613-057649 ਮਿਤੀ 8.9.2010 ਅਤੇ ਏ.ਐਸ.ਪੀ.ਡੀ/ਟੀ.ਟੀ/2010/000062 ਮਿਤੀ 13.12.2010 ਮਿਤੀ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜਿਸ ਰਾਹੀਂ ਸਕੂਲਾਂ ਦੇ ਵਿੱਚ ਕੰਪਿਊਟਰ ਟੇਰਨਿੰਗ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ।

2.0 ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਸਕੂਲਾਂ ਦੇ ਵਿੱਚ ਦੂਜੇ ਸਕੂਲ ਦੇ ਅਧਿਆਪਕ ਕੰਪਿਊਟਰ ਟਰੇਨਿੰਗ ਲੈਣ ਲਈ ਇੱਕਠੇ ਹੋ ਜਾਂਦੇ ਹਨ ਜਿਸ ਦੀ ਵਜ੍ਹਾ ਨਾਲ ਨਾ ਸਿਰਫ ਦੂਜੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਹੋਰ ਦੂਜੇ ਕੰਮਾਂ ਵਿੱਚ ਰੁਕਾਵਟ ਪੈਂਦੀ ਹੈ । ਪਰੰਤੂ ਜਿਸ ਸਕੂਲ ਵਿੱਚ ਟਰੇਨਿੰਗ ਲੈਣੀ ਹੁੰਦੀ ਹੈ ਉਥੇ ਵੀ ਸਕੂਲ ਦਾ ਕੰਮ ਪ੍ਰਭਾਵਿਤ ਹੁੰਦਾ ਹੈ ।

3.0 ਇਸ ਸਬੰਧ ਵਿੱਚ ਸਮੂਹ ਸਕੂਲ ਮੁੱਖੀਆਂ ਨੂੰ ਪਹਿਲਾਂ ਵੀ ਹਦਾਇਤਾਂ ਕੀਤੀਆਂ ਗਈਆਂ ਸਨ ਅਤੇ ਮੁੜ ਸਪਸਟ ਕੀਤਾ ਜਾਂਦਾ ਹੈ ਕਿ ਅਧਿਆਪਕਾਂ ਨੂੰ ਕੰਪਿਊਟਰ ਟਰੇਨਿੰਗ ਸਿਰਫ ਉਹਨਾਂ ਦੇ ਸਕੂਲ ਵਿੱਚ ਦਿੱਤੀ ਜਾਵੇ । ਕਿਸੇ ਵੀ ਸੂਰਤ ਵਿੱਚ ਅਧਿਆਪਕ ਕੰਪਿਊਟਰ ਟਰੇਨਿੰਗ ਲਈ ਦੂਜੇ ਸਕੂਲ ਵਿੱਚ ਨਹੀਂ ਜਾਣਗੇ । ਪਰੰਤੂ ਜੇ ਕਿਸੇ ਸਕੂਲ ਵਿੱਚ ਕੰਪਿਊਟਰ ਲੈਬ ਨਾ ਹੋਵੇ ਜਾਂ ਕੰਪਿਊਟਰ ਟੀਚਰ ਤੈਨਾਤ ਨਾ ਹੋਵੇ ਤਾਂ ਇਹਨਾਂ ਹਾਲਤਾਂ ਵਿੱਚ ਆਪਣੇ ਕੰਪਲੈਕਸ ਸਕੂਲ ਵਿੱਚ ਕੰਪਿਊਟਰ ਟਰੇਨਿੰਗ ਲੈਣ ਲਈ ਜਾ ਸਕਦੇ ਹਨ ।

4.0 ਨੌਵੀਂ ਅਤੇ ਦੱਸਵੀਂ ਜਮਾਤਾਂ ਨੂੰ ਪੜਾ ਰਹੇ ਅਧਿਆਪਕਾਂ ਵਲੋਂ ਕੇਵਲ ਆਪਣੇ ਖਾਲੀ ਪੀਰੀਅਡਾਂ ਵਿੱਚ ਹੀ(ਸਵੇਰੇ 9.00 ਵਜੇ ਤੋਂ ਦੁਪਹਿਰ 3.20 ਦੌਰਾਨ) ਕੰਪਿਊਟਰ ਲੈਬ ਵਿੱਚ ਜਾ ਕੇ ਇਹ ਟਰੇਨਿੰਗ ਲਈ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ।

5.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਪਿੱਠ ਅੰਕਣ ਨੰ: ਏ.ਐਸ.ਪੀ.ਡੀ/ਟੀ.ਟੀ/2010 ਮਿਤੀ,ਚੰਡੀਗੜ੍ਹ:

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)(ਵੈਬ ਸਾਈਟ ਰਾਹੀਂ)
2. ਡੀ.ਐਮ(ਐਮ.ਆਈ.ਐਸ) ਨੂੰ ਵੱਬ ਸਾਈਤ ਤੇ ਪਾਉਣ ਲਈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ